ਗੁਰਮਤਿ ਅਤੇ ਸਾਇੰਸ ਦੇ ਇਸ ਅਜੋਕੇ ਯੁਗ ਵਿਚ (ਭਾਗ-੨੬)

Gurmat and science in present scenario (Part-26)

# ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ

# Sun lights up the Moon

ਆਮ ਮਨੁੱਖ ਤਾਂ ਚੰਦਰਮਾ ਤੇ ਸੂਰਜ ਵਰਗੀਆਂ ਨੂਰੀ ਚੀਜ਼ਾਂ ਨੂੰ ਵੇਖ ਕੇ, ਸਿਰਫ ਇਨ੍ਹਾਂ ਨੂੰ ਹੀ ਸਲਾਹੀ ਜਾ ਰਿਹਾ ਹੈ, ਪਰੰਤੂ ਗੁਰੂ ਸਾਹਿਬ ਸਮਝਾਂਉਂਦੇ ਹਨ, ਕਿ ਹੇ ਜੀਵ ਤੂੰ ਇਨ੍ਹਾਂ ਸਭ ਨੂੰ ਨੂਰ ਦੇਣ ਵਾਲੇ ਅਕਾਲ ਪੁਰਖ ਦੀ ਵਡਿਆਈ ਕਰ ਤੇ ਉਸ ਬਾਰੇ ਵਿਚਾਰ ਕਰ, ਕਿਉਂਕਿ ਉਸ ਅਕਾਲ ਪੁਰਖ ਨੇ ਇਹ ਸਾਰਾ ਸੰਸਾਰ ਤੇ ਸਾਨੂੰ ਦਿਸ ਰਿਹਾ ਨੂਰ ਆਪਣੇ ਵਿਚੋਂ ਹੀ ਪੈਦਾ ਕੀਤਾ ਹੈ। ਇਹ ਚੰਦ ਤੇ ਸੂਰਜ ਦੋਵੇਂ ਉਸ ਅਕਾਲ ਪੁਰਖ ਦੀ ਜੋਤ ਦਾ ਬਾਹਰਲਾ ਦਿੱਸਦਾ ਸਰੂਪ ਹਨ, ਹਰੇਕ ਪ੍ਰਕਾਸ਼ ਵਿਚ ਸੁੰਦਰ ਅਕਾਲ ਪੁਰਖ ਆਪ ਵੱਸ ਰਿਹਾ ਹੈ।

ਆਮ ਮਨੁੱਖ ਹੀਰੇ ਆਦਿਕ ਸੁਹਣੇ ਕੀਮਤੀ ਚਮਕਦੇ ਪਦਾਰਥ ਨੂੰ ਵੇਖ ਕੇ ਬਹੁਤ ਖੁਸ਼ ਹੁੰਦਾ ਹੈ ਤੇ ਉਸ ਹੀਰੇ ਨੂੰ ਸਿਰ ਨਿਵਾਉਂਦਾ ਹਾਂ। ਪਰੰਤੂ ਗੁਰੂ ਸਾਹਿਬ ਨੇ ਚੰਦਰਮਾ, ਸੂਰਜ ਜਾਂ ਹੀਰੇ ਨੂੰ ਮੱਥੇ ਟੇਕਣ ਲਈ ਨਹੀਂ ਕਿਹਾ ਹੈ, ਬਲਕਿ ਉਸ ਅਕਾਲ ਪੁਰਖ ਨੂੰ ਆਪਣੇ ਅੰਦਰ ਵਸਾਣ ਲਈ ਕਿਹਾ ਹੈ, ਜਿਸ ਨੇ ਇਨ੍ਹਾਂ ਸਭ ਨੂੰ ਇਹ ਗੁਣ ਬਖ਼ਸ਼ੇ ਹਨ, ਤੇ ਜੋ ਇਨ੍ਹਾਂ ਵਿਚ ਸਭ ਵਿਚ ਵੱਸਦਾ ਹੋਇਆ ਵੀ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੈ, ਤੇ ਉਸ ਦੇ ਬੇਅੰਤ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ ਹਨ।

**ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥ ਕਹੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥ ਹੀਰਾ ਦੇਖਿ ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ਨਿਰੰਜਨ ਅਲੇਖੁ** ॥੨॥੨॥੧੧॥ (੯੭੨)

http://www.geocities.ws/sarbjitsingh/

http://www.geocities.ws/sarbjitsingh/Bani9010GurMagPart26D20141008.pdf